# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times — 30 ਮਈ 2024 ਦਿਨ ਵੀਰਵਾਰ — ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਮੇਪਲ ਰਿੱਜ ਕ੍ਰਿਸ਼ਚੀਅਨ ਸੈਕੰਡਰੀ ਸਕੂਲ ਦੇ ਵਿਦਿਆਰਥੀ ਗੁਰਦੁਆਰਾ ਨਾਨਕ ਨਿਵਾਸ ਵਿਖੇ ਨਤਮਸਤਕ ਹੋਏ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 30 ਮਈ : ਮੇਪਲ ਰਿੱਜ ਕ੍ਰਿਸ਼ਚੀਅਨ ਸੈਕੰਡਰੀ ਸਕੂਲ ਦੇ ਬਾਹਰਵੀਂ ਜਮਾਤ ਦੇ ਵਿਦਿਆਰਥੀ ਅਤੇ ਉਹਨਾਂ ਦੇ ਅਧਿਆਪਕ ਬੀਤੇ ਦਿਨ ਕੁਝ ਹੋਰ ਧਾਰਮਿਕ ਅਸਥਾਨਾਂ ਦੇ ਨਾਲ ਨਾਲ ਗੁਰਦੁਆਰਾ ਨਾਨਕ ਨਿਵਾਸ ਰਿਚਮੰਡ ਵਿਖੇ ਵੀ ਨਤਮਸਤਕ ਹੋਏ। ਉਹ ਸਿੱਖ ਧਰਮ ਅਤੇ ਸਾਊਥ ਏਸ਼ੀਅਨ ਕਮਿਊਨਿਟੀ ਅਤੇ ਕਲਚਰ ਬਾਰੇ ਜਾਣਕਾਰੀ ਹਾਸਲ ਕਰਨਾ ਚਾਹੁੰਦੇ ਸਨ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਲਵੰਤ ਸਿੰਘ ਸੰਘੇੜਾ ਨੇ ਉਹਨਾਂ ਦਾ ਨਿੱਘਾ ਸਵਾਗਤ ਕੀਤਾ ਅਤੇ ਵਿਸਥਾਰ ਵਿਚ ਸਿੱਖ ਧਰਮ ਅਤੇ ਆਪਣੀ ਕਮਿਊਨਿਟੀ ਬਾਰੇ ਜਾਣਕਾਰੀ ਦਿੱਤੀ। ਵਿਦਿਆਰਥੀਆਂ ਨੇ ਸਿੱਖ ਧਰਮ ਬਾਰੇ ਕੁਝ ਸਵਾਲ ਪੁੱਛੇ।




ਇਸ ਸਿਲਸਲੇ ਵਿਚ ਉਹਨਾਂ ਦੇ ਅਧਿਆਪਕ ਰਿਜ ਪਾਰਕਸ ਨੇ ਕਿਹਾ ਕਿ ਵੱਖ ਵੱਖ ਧਰਮਾਂ ਬਾਰੇ ਜਾਣਕਾਰੀ ਹਾਸਿਲ ਕਰਨ ਨਾਲ ਵਿਦਿਆਰਥੀਆਂ ਦੇ ਗਿਆਨ ਅਤੇ ਸੋਚ ਵਿਚ ਬਹੁਤ ਵਾਧਾ ਹੁੰਦਾ ਹੈ। ਉਹਨਾਂ ਗੁਰਦੁਆਰਾ ਸਾਹਿਬ ਵਿਖੇ ਉਹਨਾਂ ਦਾ ਮਾਣ ਸਤਿਕਾਰ ਕਰਨ ਲਈ ਬਲਵੰਤ ਸਿੰਘ ਸੰਘੇੜਾ ਅਤੇ ਸਮੁੱਚੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਧੰਨਵਾਦ ਕੀਤਾ, ਕੁਝ ਯਾਦਗਾਰੀ ਤਸਵੀਰਾਂ ਖਿੱਚੀਆਂ ਅਤੇ ਗੁਰੂ ਕੇ ਲੰਗਰ ਦਾ ਆਨੰਦ ਮਾਣਿਆ।

## ਐਬਸਫੋਰਡ ਵਿਚ 'ਵਿਰਸੇ ਦੇ ਸ਼ੌਂਕੀਨ' ਮੇਲੇ 'ਚ ਹਜਾਰਾਂ ਲੋਕਾਂ ਨੇ ਪੰਜਾਬੀ ਗਾਇਕੀ ਦਾ ਆਨੰਦ ਮਾਣਿਆ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਐਬਸਫੋਰਡ, 30 ਮਈ : ਡਾਇਮੰਡ ਕਲਚਰਲ ਕਲੱਬ ਐਬਸਫੋਰਡ ਵੱਲੋਂ ਬੀਤੇ ਦਿਨ ਪੰਜਾਬੀ ਮੇਲਾ 'ਵਿਰਸੇ ਦੇ ਸ਼ੌਂਕੀਨ' ਰੋਟਰੀ ਸਟੇਡੀਅਮ ਐਬਸਫੋਰਡ ਵਿਖੇ ਕਰਵਾਇਆ ਗਿਆ। ਦੁਪਹਿਰ ਤੱਕ ਬਾਰਿਸ਼ ਦਾ ਮਾਹੌਲ ਹੋਣ ਦੇ ਬਾਵਜੂਦ ਵੱਡੀ ਗਿਣਤੀ ਲੋਕ ਹੁੰਮਾਹੁੰਮਾਕੇ ਆਪਣੇ ਮਹਿਬੂਬ ਗਾਇਕਾਂ ਨੂੰ ਸੁਣਨ ਲਈ ਪੁੱਜੇ। ਦੁਪਹਿਰ ਬਾਦ ਮੌਸਮ ਸਾਫ ਹੋਣ 'ਤੇ ਮੇਲਾ ਪੂਰੀ ਤਰਾਂ ਭਰ ਗਿਆ।








ਕਲੱਬ ਦੇ ਪ੍ਰਧਾਨ ਰਾਜਾ ਗਿੱਲ ਤੇ ਸੋਨੀ ਸਿੱਧੂ ਨੇ ਮੇਲੇ ਵਿਚ ਪੁੱਜੇ ਲੋਕਾਂ ਦਾ ਹਾਰਦਿਕ ਸਵਾਗਤ ਕੀਤਾ। ਮੰਚ ਉਪਰ ਉੱਘੇ ਗਾਇਕ ਧਰਮਵੀਰ ਥਾਂਦੀ, ਹੈਪੀ ਰਾਏਕੋਟੀ, ਆਰ ਨੇਤ, ਗੁਰਵਿੰਦਰ ਬਰਾੜ, ਧੀਰਾ ਗਿੱਲ, ਕੁਲਵੰਤ ਸੇਖੋਂ, ਪ੍ਰੀਤ ਬਰਾੜ ਤੇ ਕਮਲ ਬਰਾੜ ਦੀ ਜੋੜੀ ਨੇ ਲੋਕਾਂ ਦਾ ਖ਼ੂਬ ਮਨੋਰੰਜਨ ਕੀਤਾ ਅਤੇ ਹਾਸਰਸ ਕਲਾਕਾਰ ਭਾਨਾ ਭਗੌੜਾ ਨੇ ਆਪਣੇ ਫਨ ਦਾ ਮੁਜ਼ਾਹਰਾ ਕਰਦਿਆਂ ਸਰੋਤਿਆਂ ਨੂੰ ਹਾਸਿਆਂ ਦਾ ਟੌਨਿਕ ਵੰਡਿਆ।ਪ੍ਰਬੰਧਕਾਂ ਵੱਲੋਂ ਮੇਲੇ ਦੇ ਸਪਾਂਸਰਾਂ, ਗਾਇਕ- ਕਲਾਕਾਰਾਂ ਅਤੇ ਹੋਰ ਸ਼ਖ਼ਸੀਅਤਾਂ ਨੂੰ ਯਾਦਗਾਰੀ ਚਿੰਨ ਦੇ ਕੇ ਸਨਮਾਨ ਕੀਤਾ ਗਿਆ। ਪਾਰਲੀਮੈਂਟ ਮੈਂਬਰ ਬਰੈਡ ਵਿਸ, ਐਮਐਲਏ ਦੇਵ ਸਿੱਧੂ, ਪ੍ਰਸਿੱਧ ਰੇਡੀਓ ਹੋਸਟ ਹਰਜੀਤ ਗਿੱਲ, ਸਰੀ ਦੀ ਨਾਮਵਰ ਸ਼ਖ਼ਸੀਅਤ ਜੇ. ਮਿਨਹਾਸ ਨੇ ਮੇਲੇ ਵਿਚ ਸ਼ਾਮਲ ਹੋ ਕੇ ਪ੍ਰਬੰਧਕਾਂ ਦੀ ਹੌਂਸਲਾ ਅਫ਼ਜਾਈ ਕੀਤੀ।

ਕਲੱਬ ਦੇ ਪ੍ਰਧਾਨ ਰਾਜਾ ਗਿੱਲ ਨੇ ਮੇਲੇ ਦੀ ਸਫਲਤਾ ਲਈ ਵਲੰਟੀਅਰਾਂ ਤੇ ਲੋਕਾਂ ਦਾ ਧੰਨਵਾਦ ਕੀਤਾ। ਮੇਲੇ ਵਿਚ ਕੱਪੜਿਆਂ, ਗਹਿਣਿਆਂ, ਪੰਜਾਬੀ ਜੁੱਤੀਆਂ ਦੇ ਸਟਾਲ ਦਰਸ਼ਕਾਂ ਦੀ ਖਿੱਚ ਦਾ ਕੇਂਦਰ ਰਹੇ ਅਤੇ ਗੁਲਾਟੀ ਪਬਲਿਸ਼ਰਜ਼ ਸਰੀ ਵੱਲੋਂ ਲਾਈ ਸਾਹਿਤਕ ਪੁਸਤਕਾਂ ਦੀ ਪ੍ਰਦਰਸ਼ਨੀ ਨੂੰ ਨੌਜਵਾਨ ਪਾਠਕਾਂ ਨੇ ਭਰਵਾਂ ਹੁੰਗਾਰਾ ਦਿੱਤਾ।

## ਪਿੰਡ ਫਿੱਡੇ ਖੁਰਦ ਦੇ ਅੱਧੀ ਦਰਜਨ ਤੋਂ ਜਿਆਦਾ ਟਕਸਾਲੀ ਅਕਾਲੀ ਪਰਿਵਾਰ 'ਆਪ' 'ਚ ਸ਼ਾਮਲ

### ਹਲਕਾ ਕੋਟਕਪੂਰਾ ਦੇ ਵਸਨੀਕਾਂ ਦਾ ਮੈਂ ਸਾਰੀ ਉਮਰ ਰਹਾਂਗਾ ਰਿਣੀ : ਸਪੀਕਰ ਸੰਧਵਾਂ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ

ਕੋਟਕਪੂਰਾ, 30 ਮਈ : ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲਾ ਮੌਕਾ ਹੈ, ਜਦੋਂ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਅਗਵਾਈ ਵਾਲੀ 'ਆਪ' ਸਰਕਾਰ ਵਲੋਂ 90 ਫੀਸਦੀ ਤੋਂ ਜਿਆਦਾ ਲੋਕਾਂ ਨੂੰ ਮੁਫਤ ਬਿਜਲੀ ਦੇਣ ਦੇ ਬਾਵਜੂਦ ਵੀ ਬਿਜਲੀ ਵਿਭਾਗ ਦਾ ਕੋਈ ਬਕਾਇਆ ਬਾਕੀ ਨਹੀਂ ਅਤੇ 43 ਹਜਾਰ ਤੋਂ ਜਿਆਦਾ ਸਰਕਾਰੀ ਨੌਕਰੀਆਂ ਬਿਨਾ ਰਿਸ਼ਵਤ ਅਤੇ ਬਿਨਾ ਸਿਫਾਰਸ਼ ਦਿੱਤੀਆਂ ਗਈਆਂ। ਨੇੜਲੇ ਪਿੰਡ ਫਿੱਡੇ ਖੁਰਦ ਵਿਖੇ ਅਕਾਲੀ ਦਲ ਬਾਦਲ ਨੂੰ ਅਲਵਿਦਾ ਆਖਣ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੀ ਅਗਵਾਈ ਕਬੂਲਣ ਅਰਥਾਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਮੌਕੇ ਟਕਸਾਲੀ ਅਕਾਲੀ ਆਗੂਆਂ ਨੇ ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਆਖਿਆ ਕਿ ਉਹ ਜਿੱਥੇ ਆਮ ਆਦਮੀ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹਨ, ਉੱਥੇ ਕੁਲਤਾਰ ਸਿੰਘ ਸੰਧਵਾਂ ਦਾ ਸਹਿਜ, ਸੰਜਮ, ਧੀਰਜ, ਸ਼ਹਿਣਸ਼ੀਲਤਾ ਅਤੇ ਨਿਮਰਤਾ ਵਾਲਾ ਸੁਭਾਅ ਵੀ ਉਹਨਾਂ ਨੂੰ ਬਹੁਤ ਜਚਿਆ ਹੈ। 'ਆਪ' ਦੇ ਬਲਾਕ ਪ੍ਰਧਾਨ ਬਾਬੂ ਸਿੰਘ ਖਾਲਸਾ ਦੀ ਪ੍ਰੇਰਨਾ ਸਦਕਾ ਟਕਸਾਲੀ ਅਕਾਲੀਆਂ ਦੇ ਪਰਿਵਾਰਾਂ ਵਿੱਚ ਸ਼ਾਮਲ ਬੀਬੀ ਮਨਪ੍ਰੀਤ ਕੌਰ ਪਤਨੀ ਭਿੰਦਰ ਸਿੰਘ ਫੌਜੀ, ਕਾਕਾ ਸਿੰਘ ਅਤੇ ਛਿੰਦਰ ਸਿੰਘ ਪੁੱਤਰਾਨ ਮੁਖਤਿਆਰ ਸਿੰਘ ਵਾਸੀਆਨ ਪਿੰਡ ਫਿੱਡੇ ਖੁਰਦ ਸਮੇਤ ਹਰਕ੍ਰਿਸ਼ਨ ਸਿੰਘ ਕਾਕਾ ਖਾਲਸਾ ਵਾਸੀ ਪਿੰਡ ਚੱਕ ਕਲਿਆਣ ਨੇ ਮੰਨਿਆ ਕਿ ਭਗਵੰਤ ਸਿੰਘ ਮਾਨ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਯਤਨਾ ਸਦਕਾ ਪੰਜਾਬ ਵਿੱਚ ਭ੍ਰਿਸ਼ਟਾਚਾਰ ਅਤੇ ਨਸ਼ਾ ਤਸਕਰੀ ਦੀ ਰੋਕਥਾਮ ਵਿੱਚ ਕੁਝ ਵਾਧਾ ਹੋਇਆ ਹੈ, ਉਹਨਾ ਨੂੰ ਆਸ ਪ੍ਰਗਟਾਈ ਕਿ ਅਗਾਮੀ ਦਿਨਾ ਵਿੱਚ ਪੰਜਾਬ ਭ੍ਰਿਸ਼ਟਾਚਾਰ ਅਤੇ ਨਸ਼ਾ ਤਸਕਰੀ ਤੋਂ ਮੁਕਤ ਹੋ ਜਾਵੇਗਾ। ਸਪੀਕਰ ਸੰਧਵਾਂ ਨੇ ਉਕਤਾਨ ਪਰਿਵਾਰਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਮੌਕੇ ਵਿਸ਼ਵਾਸ਼ ਦਿਵਾਇਆ ਕਿ ਉਹਨਾ ਦਾ ਪਾਰਟੀ ਵਿੱਚ ਪੂਰਾ ਮਾਣ ਸਨਮਾਨ ਹੋਵੇਗਾ। ਉਹਨਾਂ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਆਖਿਆ ਕਿ 2017 ਅਤੇ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾ ਵਿੱਚ ਮੇਰੇ ਵਿਰੋਧੀ ਉਮੀਦਵਾਰਾਂ ਵਲੋਂ ਵੋਟਾਂ ਖਰੀਦਣ ਲਈ ਪੈਸੇ ਦੀ ਬਰਸਾਤ ਕਰਨ ਅਤੇ ਨਸ਼ਾ ਵੰਡਣ ਦਾ ਅੰਤ ਕਰ ਦੇਣ ਦੇ ਬਾਵਜੂਦ ਉਕਤ ਪਿੰਡ ਵਾਸੀਆਂ ਨੇ ਮੈਨੂੰ ਬਿਨਾ ਕਿਸੇ ਲਾਲਚ ਦੇ ਵੋਟਾਂ ਦਿੱਤੀਆਂ ਤੇ ਵਿਧਾਨ ਸਭਾ ਦੀਆਂ ਪੋੜੀਆਂ ਚੜਾਇਆ। ਇਸ ਮੌਕੇ ਐਡਵੋਕੇਟ ਬੀਰਇੰਦਰ ਸਿੰਘ ਸੰਧਵਾਂ ਅਤੇ ਸੁਖਵਿੰਦਰ ਸਿੰਘ ਧਾਲੀਵਾਲ ਆਦਿ ਨੇ ਵੀ ਸੰਬੋਧਨ ਕੀਤਾ।



## ਪੰਜਾਬੀ ਅਖਬਾਰ 'ਕੈਨੇਡਾ ਦਰਪਣ' ਦੀ ਆਰਕਾਈਵ ਲਾਂਚ ਕਰਨ ਲਈ ਵਿਸ਼ੇਸ਼ ਸਮਾਗਮ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 30 ਮਈ : ਬੀਤੇ ਦਿਨ ਪੰਜਾਬੀ ਅਖਬਾਰ 'ਕੈਨੇਡਾ ਦਰਪਣ' ਦੀ ਆਰਕਾਈਵ ਲਾਂਚ ਕਰਨ ਲਈ ਸਰੀ ਪਬਲਿਕ ਲਾਇਬਰੇਰੀ, ਫਲੀਟਵੁੱਡ ਵਿਖੇ ਵਿਸ਼ੇਸ਼ ਸਮਾਗਮ ਕਰਵਾਇਆ ਗਿਆ ਜਿਸ ਵਿਚ ਵੱਡੀ ਗਿਣਤੀ ਵਿਚ ਵਿਦਵਾਨਾਂ, ਸਾਹਿਤਕਾਰਾਂ ਅਤੇ ਪੰਜਾਬੀ ਨਾਲ ਸਿਨੇਹ ਰੱਖਣ ਵਾਲੀਆਂ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਇਹ ਆਰਕਾਈਵ ਸੁਖਵੰਤ ਹੁੰਦਲ ਵੱਲੋਂ ਚਰਨਜੀਤ ਕੌਰ ਗਿੱਲ (ਸੁਪਤਨੀ ਮਰਹੂਮ ਦਰਸ਼ਨ ਗਿੱਲ) ਦੇ ਸਹਿਯੋਗ ਨਾਲ ਤਿਆਰ ਕੀਤੀ ਗਈ ਹੈ।






ਸਮਾਗਮ ਦੀ ਸ਼ੁਰੂਆਤ ਸੁਖਵੰਤ ਹੁੰਦਲ ਦੇ ਸਵਾਗਤੀ ਸ਼ਬਦਾਂ ਨਾਲ ਹੋਈ। ਉਨ੍ਹਾਂ ਇਸ ਆਰਕਾਈਵ ਬਾਰੇ ਜਾਣ ਪਛਾਣ ਕਰਵਾਉਂਦਿਆਂ ਦੱਸਿਆ ਕਿ ਫਤਾਵਾਰੀ/ਪੰਦਰਵਾੜਾ ਅਖ਼ਬਾਰ 'ਕਨੇਡਾ ਦਰਪਣ' ਨਵੰਬਰ 1982 ਤੋਂ ਫਰਵਰੀ 1989 ਤੱਕ ਵੈਨਕੂਵਰ/ਸਰੀ ਤੋਂ ਦਰਸ਼ਨ ਗਿੱਲ ਦੀ ਸੰਪਾਦਨਾ ਹੇਠ ਨਿਕਲਦਾ ਰਿਹਾ ਹੈ। ਕੈਨੇਡਾ ਦਰਪਣ ਕੱਢਣ ਦੇ ਮਕਸਦ ਬਾਰੇ ਸੰਪਾਦਕ ਦਰਸ਼ਨ ਗਿੱਲ ਨੇ ਆਪਣੀ ਪਹਿਲੀ ਸੰਪਾਦਕੀ ਵਿਚ ਲਿਖਿਆ ਸੀ 'ਕੈਨੇਡਾ ਦਰਪਣ' ਨੂੰ ਅਜਿਹੇ ਰੂਪ ਵਿਚ ਚਿਤਵਿਆ ਹੈ ਜੋ ਰੰਗ, ਨਸਲ, ਮਜ਼੍ਹਬ ਤੋਂ ਉੱਪਰ ਉੱਠ ਕੇ ਸਮੁੱਚੀ ਮਨੁੱਖੀ ਸ਼ਖਸੀਅਤ ਦਾ ਪ੍ਰਗਟਾਵਾ ਬਣ ਸਕੇ। ਮਨੁੱਖ, ਮਨੁੱਖ ਹੈ ਤੇ ਇਹ ਮਨੁੱਖਤਾ ਹੀ ਮਨੁੱਖ ਦਾ ਅਸਲੀ ਖਾਸਾ ਹੈ। ਜੋ ਮਨੁੱਖੀ ਸ਼ਖਸੀਅਤ ਦਾ ਸ਼ੀਸ਼ਾ ਨਹੀਂ ਬਣ ਸਕਦਾ, ਉਸ ਨੂੰ ਅਖਬਾਰ ਕਹਿਣਾ ਗਲਤ ਹੋਵੇਗਾ।"

ਸੁਖਵੰਤ ਹੁੰਦਲ ਨੇ ਕਿਹਾ ਕਿ ਕੈਨੇਡਾ ਦਰਪਣ ਦੀ ਆਰਕਾਈਵ ਰਾਹੀਂ ਹੁਣ ਦੁਨੀਆ ਦੇ ਕਿਸੇ ਵੀ ਹਿੱਸੇ ਵਿੱਚ ਰਹਿਣ ਵਾਲਾ ਵਿਅਕਤੀ ਇਸ ਅਖਬਾਰ ਦੇ 250 ਦੇ ਕਰੀਬ ਅੰਕ ਇੰਟਰਨੈੱਟ 'ਤੇ ਪੜ੍ਹ ਸਕਦਾ ਹੈ। ਇਹਨਾਂ ਅੰਕਾਂ ਵਿੱਚ ਕੈਨੇਡਾ ਵਿੱਚ ਉਸ ਸਮੇਂ ਦੀ ਪੰਜਾਬੀ/ਭਾਰਤੀ ਕਮਿਊਨਿਟੀ ਦੇ ਸਮਾਜਿਕ ਇਤਿਹਾਸ ਬਾਰੇ ਮਹੱਤਵਪੂਰਨ ਜਾਣਕਾਰੀ ਮੌਜੂਦ ਹੈ। ਸੁਖਵੰਤ ਹੁੰਦਲ ਅਤੇ ਚਰਨਜੀਤ ਕੌਰ ਗਿੱਲ ਨੇ ਇਸ ਨੂੰ ਲਾਂਚ ਕਰਦਿਆਂ ਆਸ ਪ੍ਰਗਟ ਕੀਤੀ ਕਿ ਪੰਜਾਬੀ ਪਾਠਕ ਅਤੇ ਕੈਨੇਡਾ ਵਿੱਚ ਪੰਜਾਬੀਆਂ ਦੇ ਇਤਿਹਾਸ ਦੇ ਵਿਦਿਆਰਥੀ ਇਸ ਆਰਕਾਈਵ ਦਾ ਪੂਰਾ ਫਾਇਦਾ ਉਠਾਉਣਗੇ।

ਇਸ ਮੌਕੇ ਮਰਹੂਮ ਦਰਸ਼ਨ ਗਿੱਲ ਨੂੰ ਯਾਦ ਕਰਦਿਆਂ ਡਾ. ਸਾਧੂ ਸਿੰਘ, ਡਾ. ਸਾਧੂ ਬਿਨਿੰਗ, ਨਾਵਲਕਾਰ ਜਰਨੈਲ ਸਿੰਘ ਸੇਖਾ, ਅਜਮੇਰ ਰੋਡੇ, ਮੱਖਣ ਟੁੱਟ, ਹਰਦੇਵ ਸਿੱਧੂ, ਅਜੇ ਭਾਰਦਵਾਜ, ਉੱਜਲ ਦੁਸਾਂਝ, ਹਰਿੰਦਰ ਮਾਹਲ, ਹਰਪ੍ਰੀਤ ਸੇਖਾ, ਸੁਰਜੀਤ ਕਲਸੀ ਅਤੇ ਸੁਖਵਿੰਦਰ ਚੋਹਲਾ ਨੇ ਸੁਖਵੰਤ ਹੁੰਦਲ ਅਤੇ ਚਰਨਜੀਤ ਕੌਰ ਗਿੱਲ ਦੇ ਇਸ ਕਾਰਜ ਦੀ ਸ਼ਲਾਘਾ ਕੀਤੀ।

## ਮਹਿਕਦੇ ਅਲ਼ਫਾਜ਼ ਸਾਹਿਤ ਸਭਾ ਵਲੋਂ ਭਾਸ਼ਾ ਵਿਭਾਗ ਪੰਜਾਬ ਦੇ ਵਿਸ਼ੇਸ਼ ਸਹਿਯੋਗ ਨਾਲ ਦਿੱਤੀ ਗਈ ਡਾ.ਸੁਰਜੀਤ ਪਾਤਰ ਨੂੰ ਭਾਵ ਭਿੰਨੀ ਸ਼ਰਧਾਂਜਲੀ

ਵਰਲਡ ਪੰਜਾਬੀ ਟਾਈਮਜ਼ ਅੰਜੂ ਅਮਨਦੀਪ ਗਰੋਵਰ



ਚੰਡੀਗੜ੍ਹ,30 ਮਈ : ਮਹਿਕਦੇ ਅਲ਼ਫਾਜ਼ ਸਾਹਿਤ ਸਭਾ ਅਤੇ ਭਾਸ਼ਾ ਵਿਭਾਗ ਪੰਜਾਬ ਦੇ ਸਾਂਝੇ ਯਤਨਾਂ ਸਦਕਾ ਕੀਤੇ ਜਾਣ ਵਾਲੇ ਮਹੀਨਾਵਾਰ ਪ੍ਰੋਗਰਾਮ ਵਿੱਚ ਇਸ ਵਾਰ ਜੂਨ ਦੇ ਮਹੀਨੇ ਸ਼੍ਰੋਮਣੀ ਕਵੀ,ਪਦਮ ਸ੍ਰੀ ਡਾ.ਸੁਰਜੀਤ ਪਾਤਰ ਜੀ ਨੂੰ ਵੱਖ ਵੱਖ ਕਲਮਕਾਰਾਂ ਵਲੋਂ ਸ਼ਰਧਾ ਦੇ ਫੁੱਲ ਭੇਂਟ ਕੀਤਾ ਗਏ। ਇਹ ਪ੍ਰੋਗਰਾਮ ਪਿਛਲੀ ਦਿਨੀਂ 25 ਮਈ ਨੂੰ ਭਾਸ਼ਾ ਵਿਭਾਗ ਪੰਜਾਬ ਦੇ ਸਹਿ ਨਿਰਦੇਸ਼ਕ ਡਾ.ਤਜਿੰਦਰ ਸਿੰਘ ਗਿੱਲ ਅਤੇ ਮਹਿਕਦੇ ਅਲ਼ਫਾਜ਼ ਦੀ ਸਰਪ੍ਰਸਤ ਡਾ. ਗੁਰਚਰਨ ਕੌਰ ਕੋਚਰ ਅਤੇ ਪ੍ਰਧਾਨ ਡਾ. ਰਵਿੰਦਰ ਕੌਰ ਭਾਟੀਆ ਦੀ ਯੋਗ ਅਗਵਾਈ ਵਿੱਚ ਆਯੋਜਿਤ ਕੀਤਾ ਗਿਆ।

ਜਿਸ ਵਿੱਚ ਦੁਨੀਆਂ ਭਰ ਵਿੱਚੋਂ ਨਾਮਵਰ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੇ ਆਪਣੀ ਸ਼ਾਮੂਲੀਅਤ ਕੀਤੀ। ਇਸ ਪ੍ਰੋਗਰਾਮ ਦਾ ਸੰਚਾਲਨ ਸਭਾ ਦੇ ਸਕੱਤਰ ਜਨਰਲ ਅਮਨਬੀਰ ਸਿੰਘ ਧਾਮੀ ਅਤੇ ਮੀਤ ਪ੍ਰਧਾਨ ਅੰਜੂ ਅਮਨਦੀਪ ਗਰੋਵਰ ਵਲੋਂ ਬੜੇ ਭਾਵਪੂਰਕ ਸ਼ਬਦਾਂ ਵਿਚ ਕੀਤਾ ਗਿਆ। ਇਸ ਪ੍ਰੋਗਰਾਮ ਦੇ ਆਰੰਭ ਵਿੱਚ ਡਾ. ਗੁਰਚਰਨ ਕੌਰ ਕੋਚਰ ਨੇ ਪਦਮ ਸ਼੍ਰੀ ਡਾ. ਸੁਰਜੀਤ ਪਾਤਰ ਜੀ ਦੀ ਸ਼ਖ਼ਸ਼ੀਅਤ, ਆਪਣੇ ਨਾਲ ਉਹਨਾਂ ਦੀ ਪਰਿਵਾਰਕ ਸਾਂਝ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਬਾਰੇ , ਉਨ੍ਹਾਂ ਨੂੰ ਇਕ ਯੁੱਗ ਕਵੀ ਦੱਸਦਿਆਂ ਹੋਇਆ ਕਿਹਾ ਕਿ, ਉਹਨਾਂ ਦਾ ਸਰੀਰਕ ਵਿਛੋੜਾ, ਸਾਹਿਤ ਜਗਤ ਵਿੱਚ ਨਾ ਪੂਰਾ ਹੋਣ ਵਾਲਾ ਘਾਟਾ ਹੈ। ਉਹਨਾਂ ਦੱਸਿਆ ਕਿ ਅੰਤਿਮ ਸੰਸਕਾਰ ਸਮੇਂ ਦਿੱਤਾ ਗਿਆ ਸਰਕਾਰੀ ਮਾਣ ਸਨਮਾਨ ਵੀ ਉਹਨਾਂ ਦੀ ਬੇਮਿਸਾਲ ਕਾਵਿ ਸਫ਼ਰ ਅਤੇ ਚੰਗੀ ਸ਼ਖਸੀਅਤ ਨੂੰ ਦਰਸਾਉਂਦਾ ਹੈ। ਨਾਮਵਰ ਸਾਹਿਤਕਾਰ ਤ੍ਰੈਲੋਚਨ ਲੋਚੀ ਨੇ ਉਹਨਾਂ ਨੂੰ ਸਮਰਪਿਤ, ਆਪਣੀ ਲਿਖੀ ਗਜ਼ਲ " ਮੰਜ਼ਿਲ ਉਦਾਸ ਹੋਈਆਂ ਰਸਤੇ ਉਦਾਸ ਹੋਏ" ਬਾਖ਼ੂਬੀ ਗਾਈ ਅਤੇ ਸਭ ਨੂੰ ਭਾਵੁਕ ਕਰ ਦਿੱਤਾ। ਉਪਰੰਤ ਭਾਸ਼ਾ ਵਿਭਾਗ ਪੰਜਾਬ ਦੇ ਸਹਿ ਨਿਰਦੇਸ਼ਕ ਸ. ਤਜਿੰਦਰ ਸਿੰਘ ਗਿੱਲ ਨੇ ਆਪਣੇ ਭਾਵੁਕ ਸ਼ਬਦਾਂ ਰਾਹੀਂ ਪਾਤਰ ਜੀ ਨਾਲ ਜੁੜੀਆਂ ਆਪਣੀਆਂ ਯਾਦਾਂ ਸਾਂਝੀਆਂ ਕੀਤੀਆਂ ਅਤੇ ਉਹਨਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਉਹਨਾਂ ਨੇ ਪਾਤਰ ਸਾਹਿਬ ਨੂੰ ਪੰਜਾਬੀ ਮਾਂ ਬੋਲੀ ਦਾ ਅਣਥੱਕ ਸੇਵਕ ਦੱਸਿਆ। ਕਨੇਡਾ ਵਿੱਚ ਵੱਸਦੀ ਸਾਹਿਤਕਾਰਾ ਗੁਰਦੀਸ਼ ਗਰੇਵਾਲ ਵੱਲੋਂ ਆਪਣੀ ਰਚਨਾ ਦੁਆਰਾ ਡਾ. ਪਾਤਰ ਨੂੰ ਸ਼ਰਧਾਂਜਲੀ ਦਿੱਤੀ ਗਈ। ਵਿਸ਼ਵ ਪੰਜਾਬੀ ਸਭਾ ਦੇ ਸੰਸਥਾਪਕ ਡਾ.ਦਲਬੀਰ ਸਿੰਘ ਕਥੂਰੀਆ ਨੇ ਸੁਰਜੀਤ ਪਾਤਰ ਜੀ ਨੂੰ ਬਹੁਤ ਹੀ ਮਿਲਨਸਾਰ ,ਹਲੀਮੀ ਵਾਲਾ ਅਤੇ ਸ਼ਬਦਾਂ ਦਾ ਜਾਦੂਗਰ ਦੱਸਿਆ ਅਤੇ ਆਪਣੇ ਸ਼ਬਦਾਂ ਨਾਲ ਉਹਨਾਂ ਨੂੰ ਸ਼ਰਧਾਂਜਲੀ ਦਿੱਤੀ।ਨਾਮਵਰ ਸਾਹਿਤਕਾਰਾਂ ਡਾ. ਸਤਿੰਦਰ ਕੌਰ ਕਾਹਲੋ ਨੇ ਪਾਤਰ ਸਾਹਿਬ ਨੂੰ ਸਮਰਪਿਤ ਕਵਿਤਾ ਪੇਸ਼ ਕੀਤੀ। ਕਨੇਡਾ ਤੋਂ ਲਹਿੰਦੇ ਪੰਜਾਬ ਦੇ ਨਾਮਵਰ ਸਾਹਿਤਕਾਰ ਮਕਸੂਦ ਚੌਧਰੀ ਨੇ ਆਪਣੇ ਸ਼ਬਦਾਂ ਨਾਲ ਸੁਰਜੀਤ ਪਾਤਰ ਨੂੰ ਸ਼ਰਧਾਜਲੀ ਦਿੱਤੀ। ਸ਼ਾਇਰਾ ਸਰਬਜੀਤ ਕੌਰ ਹਾਜੀਪੁਰ ਨੇ ਪਾਤਰ ਸਾਹਿਬ ਜੀ ਦੁਆਰਾ ਕਾਵਿ ਉਚਾਰਨ ਲਈ ਦਿੱਤੀ ਅਗਵਾਈ ਬਾਰੇ ਦੱਸਿਆ ਅਤੇ ਭਾਵੁਕ ਕਰ ਦੇਣ ਵਾਲੀ ਰਚਨਾ ਪੇਸ਼ ਕੀਤੀ। ਸ਼ਾਇਰਾ ਸਤਿੰਦਰ ਕੌਰ ਨੇ ਪਾਤਰ ਸਾਹਿਬ ਨਾਲ ਆਪਣੀਆਂ ਯਾਦਾਂ ਨੂੰ ਸਾਂਝਾਂ ਕੀਤਾ ਤੇ ਅਪਣੀ ਇੱਕ ਰਚਨਾ ਸੁਣਾਈ । ਸਭਾ ਦੀ ਮੁੱਖ ਸਲਾਹਕਾਰ ਅਤੇ ਬਹੁਤ ਹੀ ਸੁਰੀਲੀ ਆਵਾਜ਼ ਦੀ ਮਲਿਕਾ ਮੀਤਾ ਖੰਨਾ ਨੇ ' ਕੁਝ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ ' ਗ਼ਜ਼ਲ ਰਾਹੀਂ ਪਾਤਰ ਸਾਹਿਬ ਨੂੰ ਆਪਣੀ ਸ਼ਰਧਾਂਜਲੀ ਦਿੱਤੀ । ਮੰਗਤ ਖਾਨ ਜੀ ਨੇ ਸੁਰਜੀਤ ਪਾਤਰ ਜੀ ਦੀ ਇੱਕ ਨਜ਼ਮ ਨੂੰ ਆਪਣੀ ਪਿਆਰੀ ਆਵਾਜ਼ ਵਿੱਚ ਗਾਇਆ ਅਤੇ ਉਹਨਾਂ ਨੂੰ ਆਪਣੇ ਸ਼ਰਧਾ ਦੇ ਫੁੱਲ ਭੇਟ ਕੀਤੇ। ਗਜ਼ਲਗੋ ਸ. ਗੁਰਚਰਨ ਸਿੰਘ ਜੋਗੀ ਨੇ " ਬੁਝਾਉਂਦਾ ਪਿਆਸ ਸਭਨਾਂ ਦੀ ਤੇ ਸੀਤਲ ਨੀਰ ਸੀ ਪਾਤਰ , ਸਦਾ ਗਹਿਰਾ ਹੀ ਲਿਖਦਾ ਸੀ ਬੜਾ ਗੰਭੀਰ ਸੀ ਪਾਤਰ " ਇਸ ਰਚਨਾ ਰਾਹੀਂ ਪਾਤਰ ਸਾਹਿਬ ਦੀ ਸ਼ਖ਼ਸ਼ੀਅਤ ਅਤੇ ਉਨ੍ਹਾਂ ਦੇ ਕਾਵਿ ਗੁਣਾਂ ਬਾਰੇ ਦੱਸਿਆ।ਪਰਵੀਨ ਸਿੱਧੂ, ਰਾਜਬੀਰ ਕੌਰ ਗਰੇਵਾਲ , ਰਣਜੀਤ ਸਿੰਘ ਅਤੇ ਹੋਰ ਸ਼ਾਮਿਲ ਕਵੀ ਕਵਿਤਰੀਆਂ ਨੇ ਸੁਰਜੀਤ ਪਾਤਰ ਜੀ ਨੂੰ ਸਮਰਪਿਤ ਰਚਨਾਵਾਂ ਸੁਣਾਈਆਂ। ਮਹਿਕਦੇ ਅ਼ਲਫਾਜ਼ ਸਭਾ ਦੇ ਸਕੱਤਰ ਜਨਰਲ ਅਤੇ ਨਾਮਵਾਰ ਸਾਹਿਤਕਾਰ ਅਮਨਬੀਰ ਸਿੰਘ ਧਾਮੀ ਨੇ ਆਪਣੀ ਸੁਰਜੀਤ ਪਾਤਰ ਨੂੰ ਸਮਰਪਿਤ ਗਜ਼ਲ ਸੁਣਾਈ ਅਤੇ ਆਪਣੇ ਵੱਲੋਂ ਸ਼ਰਧਾਂਜਲੀ ਦਿੱਤੀ। ਪ੍ਰੋਗਰਾਮ ਦੇ ਅੰਤ ਵਿਚ ਸਭਾ ਦੀ ਸੰਸਥਾਪਕ ਅਤੇ ਪ੍ਰਧਾਨ ਡਾ. ਰਵਿੰਦਰ ਕੌਰ ਭਾਟੀਆ ਨੇ ਡਾ .ਸੁਰਜੀਤ ਪਾਤਰ ਜੀ ਦੀਆਂ ਲਿਖਤਾਂ ਦਾ ਜ਼ਿਕਰ ਕਰਦੇ ਹੋਏ ਉਹਨਾਂ ਅੰਦਰਲੀ ਨਿਮਰਤਾ, ਹਲੀਮੀ ਅਤੇ ਦੂਸਰਿਆਂ ਦਾ ਹੌਂਸਲਾ ਵਧਾਉਣ ਵਾਲੀ ਭਾਵਨਾ ਬਾਰੇ ਦੱਸਿਆ। ਉਹਨਾਂ ਕਿਹਾ ਕਿ ਡਾ. ਸੁਰਜੀਤ ਪਾਤਰ ਸਾਡੇ ਸਭ ਦੇ ਦਿਲਾਂ ਵਿੱਚ, ਮਨਾਂ ਵਿੱਚ, ਸ਼ਬਦਾਂ ਵਿੱਚ, ਗੀਤਾਂ ਵਿੱਚ ਹਮੇਸ਼ਾ ਜਿੰਦਾ ਰਹਿਣਗੇ। ਉਹਨਾਂ ਨੇ ਇਹ ਵੀ ਦੱਸਿਆ ਕਿ ਡਾ. ਜਗਮੋਹਨ ਸੰਘਾ ਅਤੇ ਡਾ. ਰਵਿੰਦਰ ਕੌਰ ਭਾਟੀਆ ਵੱਲੋਂ ਸੰਪਾਦਿਤ ਕਾਵਿ ਪੁਸਤਕ 'ਮਹਿਕਦੇ ਅਲ਼ਫਾਜ਼' ਦੇ ਵਿੱਚ ਪਲੇਠੀ ਰਚਨਾ ਡਾ. ਸੁਰਜੀਤ ਪਾਤਰ ਜੀ ਦੀ ਹੈ । ਇਸ ਪ੍ਰੋਗਰਾਮ ਵਿੱਚ ਦੇਸ਼ ਵਿਦੇਸ਼ ਤੋਂ ਅਨੇਕਾਂ ਸ਼ਖ਼ਸੀਅਤਾਂ ਨੇ ਭਾਗ ਲਿਆ ਅਤੇ ਆਪਣੇ ਸ਼ਬਦਾਂ ਅਤੇ ਰਚਨਾਵਾਂ ਦੁਆਰਾ ਡਾ. ਸੁਰਜੀਤ ਪਾਤਰ ਜੀ ਨੂੰ ਭਾਵ ਭਿੰਨੀ ਸ਼ਰਧਾਂਜਲੀ ਦਿੱਤੀ।

## ਆਓ ਜਾਣਦੇ ਹਾਂ ਚੋਣ ਸਿਆਹੀ ਜਾਂ ਇੰਡੈਲਿਬਲ ਇੰਕ ਦੇ ਬਾਰੇ।

### ਚੋਣਾਂ ਦੌਰਾਨ ਵਰਤੀ ਜਾਣ ਵਾਲੀ ਅਮਿੱਟ ਸਿਆਹੀ ਕਿੱਥੇ ਤਿਆਰ ਕੀਤੀ ਜਾਂਦੀ ਹੈ?

ਵਰਲਡ ਪੰਜਾਬੀ ਟਾਈਮਜ਼
ਲੈਕਚਰਾਰ ਲਲਿਤ ਗੁਪਤਾ



ਲੋਕ ਸਭਾ ਚੋਣਾਂ ਦਾ ਦੌਰ ਚੱਲ ਰਿਹਾ ਹੈ। ਪੰਜਾਬ ਵਿੱਚ ਵੀ 1 ਜੂਨ ਨੂੰ ਲੋਕ ਸਭਾ ਦੀਆਂ 13 ਸੀਟਾਂ ਉੱਤੇ ਵੋਟਿੰਗ ਹੋਣੀ ਹੈ। ਜਦੋਂ ਤੁਸੀਂ ਵੋਟ ਪਾਉਣ ਜਾਂਦੇ ਹੋ ਤਾਂ ਤੁਹਾਡੇ ਹੱਥ 'ਤੇ ਸਿਆਹੀ ਦਾ ਨਿਸ਼ਾਨ ਲਗਾਇਆ ਜਾਂਦਾ ਹੈ। ਵੋਟ ਪਾਉਣ ਵਾਲੇ ਹਰ ਵਿਅਕਤੀ ਨੂੰ ਉਂਗਲੀ 'ਤੇ ਲਗਾਈ ਗਈ ਨੀਲੀ ਸਿਆਹੀ ਨੂੰ ਵੋਟ ਪਾਉਣ ਦੇ ਸਬੂਤ ਵਜੋਂ ਵਰਤਿਆ ਜਾਂਦਾ ਹੈ। ਬਹੁਤ ਸਾਰੇ ਲੋਕ ਆਪਣੀਆਂ ਸਿਆਹੀ ਵਾਲੀਆਂ ਉਂਗਲਾਂ ਦੀਆਂ ਸਪਸ਼ਟ ਸੈਲਫੀ ਲੈ ਕੇ ਅਤੇ ਉਨ੍ਹਾਂ ਨੂੰ ਸੋਸ਼ਲ ਮੀਡੀਆ 'ਤੇ ਪੋਸਟ ਕਰਕੇ ਇਸ ਨੂੰ ਯਾਦਗਾਰ ਬਣਾਉਂਦੇ ਹਨ। ਕੀ ਤੁਸੀਂ ਜਾਣਦੇ ਹੋ ਕਿ ਇਹ ਸਿਆਹੀ ਕਿੱਥੇ ਬਣਦੀ ਹੈ ਅਤੇ ਇਸਦਾ ਇਤਿਹਾਸ ਕੀ ਹੈ ਅਤੇ ਸਿਆਹੀ ਕਿਉਂ ਲਗਾਈ ਜਾਂਦੀ ਹੈ?

ਸਭ ਤੋਂ ਪਹਿਲਾਂ ਤੁਹਾਨੂੰ ਦੱਸ ਦੇਈਏ ਕਿ ਵੋਟਿੰਗ ਦੌਰਾਨ ਉਂਗਲੀ 'ਤੇ ਸਿਆਹੀ ਲਗਾਈ ਜਾਂਦੀ ਹੈ ਤਾਂ ਜੋ ਵੋਟਰ ਦੁਬਾਰਾ ਵੋਟ ਨਾ ਪਾ ਸਕੇ। ਇਸਦੀ ਵਰਤੋਂ ਜਾਅਲੀ ਵੋਟਿੰਗ ਨੂੰ ਰੋਕਣ ਲਈ ਵੀ ਕੀਤੀ ਜਾਂਦੀ ਹੈ। ਇਹ ਸਿਆਹੀ ਉਂਗਲੀ ਤੋਂ ਜਲਦੀ ਨਹੀਂ ਉਤਰਦੀ। ਇਸ ਦੇ ਨਿਸ਼ਾਨ ਲੰਬੇ ਸਮੇਂ ਤੱਕ ਉਂਗਲੀ 'ਤੇ ਮੌਜੂਦ ਰਹਿੰਦੇ ਹਨ। ਖਾਸ ਗੱਲ ਇਹ ਹੈ ਕਿ ਇਹ ਸਿਆਹੀ ਉਂਗਲੀ 'ਤੇ ਲਗਾਉਣ ਤੋਂ ਬਾਅਦ ਸਿਰਫ 30 ਤੋਂ 40 ਸਕਿੰਟਾਂ 'ਚ ਪੂਰੀ ਤਰ੍ਹਾਂ ਸੁੱਕ ਜਾਂਦੀ ਹੈ।

ਲੋਕ ਇਸਨੂੰ ਚੋਣ ਸਿਆਹੀ ਜਾਂ ਇਨਡੈਲੀਬਲ ਅਮਿਟ ਸਿਆਹੀ ਵਜੋਂ ਜਾਣਦੇ ਹਨ। ਭਾਰਤ ਵਿੱਚ ਸਿਰਫ਼ ਇੱਕ ਕੰਪਨੀ ਇਸ ਸਿਆਹੀ ਨੂੰ ਬਣਾਉਂਦੀ ਹੈ। ਦੱਖਣੀ ਭਾਰਤ ਵਿੱਚ ਸਥਿਤ ਮੈਸੂਰ ਪੇਂਟ ਐਂਡ ਵਾਰਨਿਸ਼ ਲਿਮਿਟੇਡ ਨਾਮ ਦੀ ਇੱਕ ਕੰਪਨੀ ਇਸ ਸਿਆਹੀ ਦਾ ਨਿਰਮਾਣ ਕਰਦੀ ਹੈ। ਇਸ ਕੰਪਨੀ ਦੀ ਸਥਾਪਨਾ 1937 ਵਿੱਚ ਮੈਸੂਰ ਪ੍ਰਾਂਤ ਦੇ ਤਤਕਾਲੀ ਮਹਾਰਾਜਾ ਨਲਵਾੜੀ ਕ੍ਰਿਸ਼ਨਾਰਾਜਾ ਵਾਡਿਆਰ ਦੁਆਰਾ ਕੀਤੀ ਗਈ ਸੀ। ਕੰਪਨੀ ਇਹ ਸਿਆਹੀ ਸਰਕਾਰ ਅਤੇ ਚੋਣ ਨਾਲ ਸਬੰਧਤ ਏਜੰਸੀਆਂ ਨੂੰ ਹੀ ਮੁਹੱਈਆ ਕਰਵਾਉਂਦੀ ਹੈ। ਇਹ ਸਿਆਹੀ ਬਾਜ਼ਾਰ ਵਿੱਚ ਵਿਕਰੀ ਲਈ ਉਪਲਬਧ ਨਹੀਂ। ਇਸ ਕੰਪਨੀ ਦੀ ਪਛਾਣ ਇਸ ਸਿਆਹੀ ਨਾਲ ਹੀ ਹੈ। ਇਸ ਕੰਪਨੀ ਦਾ ਇਤਿਹਾਸ ਮੈਸੂਰ ਕਰਨਾਟਕ ਵਿੱਚ ਵਾਡਿਆਰ ਰਾਜਵੰਸ਼ ਨਾਲ ਜੁੜਿਆ ਹੋਇਆ ਹੈ। ਇਹ ਖ਼ਾਨਦਾਨ ਦੁਨੀਆਂ ਦੇ ਸਭ ਤੋਂ ਅਮੀਰ ਸ਼ਾਹੀ ਪਰਿਵਾਰਾਂ ਵਿੱਚ ਗਿਣਿਆ ਜਾਂਦਾ ਸੀ। ਆਜ਼ਾਦੀ ਤੋਂ ਪਹਿਲਾਂ ਇੱਥੇ ਮਹਾਰਾਜਾ ਕ੍ਰਿਸ਼ਨਰਾਜਾ ਵਡਿਆਰ ਰਾਜ ਕਰਦੇ ਸਨ। ਵਡਿਆਰ ਨੇ ਸਾਲ 1937 ਵਿੱਚ ਮੈਸੂਰ ਲੈਕ ਐਂਡ ਪੇਂਟਸ ਦੇ ਨਾਮ ਨਾਲ ਪੇਂਟ ਅਤੇ ਵਾਰਨਿਸ਼ ਫੈਕਟਰੀ ਖੋਲ੍ਹੀ। ਜਦੋਂ ਦੇਸ਼ ਨੂੰ ਆਜ਼ਾਦੀ ਮਿਲੀ ਤਾਂ ਇਹ ਕੰਪਨੀ ਕਰਨਾਟਕ ਸਰਕਾਰ ਕੋਲ ਚਲੀ ਗਈ।

## ਸਫ਼ਲ ਹੋਣ ਲਈ ਅਸਫ਼ਲਤਾ ਤੋਂ ਕਿਨਾਰਾ ਕਿਉ ?



ਵਰਲਡ ਪੰਜਾਬੀ ਟਾਈਮਜ਼
ਪਲਕਪ੍ਰੀਤ ਕੌਰ ਬੇਦੀ

ਜੇਕਰ ਅੱਜ ਦੇ ਸਮੇਂ ਦੀ ਗਲ ਕਰੀਏ ਤਾਂ ਅੱਧੇ ਤੋਂ ਜਿਆਦਾ ਲੋਕਾਂ ਨੂੰ ਹਰ ਕੰਮ ਕਰਦਿਆ ਏਹੀ ਤਾਂਘ ਰਹਿੰਦੀ ਹੈ ਕਿ ਅਸੀਂ ਜੋ ਕੰਮ ਕਰ ਰਹੇ ਆ ਓਸ ਵਿਚ ਸਫਲ ਹੀ ਹੋਈਏ , ਪਰ ਅਸੀਂ ਕਦੇ ਇਹ ਨਹੀਂ ਵੇਖਦੇ ਕੇ ਅਸੀਂ ਸਫਲ ਹੋਣ ਜਿੰਨੀ ਮਿਹਨਤ ਵੀ ਕਰ ਰਹੇ ਹਾਂ ਜਾਂ ਨਹੀਂ।

ਦਰਅਸਲ ਸਫਲ ਵਿਅਕਤੀ ਉਹ ਨਹੀਂ ਹੁੰਦਾ ਜੋ ਕਦੇ ਹਾਰਦਾ ਜਾਂ ਡਿੱਗਦਾ ਨਹੀਂ ਬਲਕਿ ਸਫਲ ਵਿਅਕਤੀ ਉਹ ਹੁੰਦਾ ਹੈ ਜੋ ਡਿੱਗ ਕੇ ਹਰ ਹਾਲਤ ਵਿੱਚ ਉੱਠਣ ਦੀ ਹਿੰਮਤ ਰੱਖਦਾ ਹੈ। ਜੇਕਰ ਅਸੀਂ ਕਿਸੇ ਕੰਮ ਵਿਚ ਅਸਫਲਤਾ ਵੀ ਪ੍ਰਾਪਤ ਕਰਦੇ ਹਾਂ ਤਾਂ ਸਾਡੇ ਲਈ ਓਹ ਵੀ ਬਹੁਤ ਮਾਇਨੇ ਰਖਦੀ ਹੈ ਅਤੇ ਓਹ ਹਾਰ ਸਾਨੂੰ ਅੱਗੇ ਨਾਲੋ ਹੋਰ ਬੇਹਤਰ ਬਣਾਉਣ ਲਈ ਪ੍ਰੇਰਿਤ ਕਰਦੀ ਹੈ।

ਸਾਨੂੰ ਅਸਫਲਤਾ ਤੋਂ ਵੀ ਬਹੁਤ ਚੀਜ਼ਾਂ ਸਿੱਖਣ ਨੂੰ ਮਿਲਦੀਆਂ ਹਨ। ਕਦੀ ਵੀ ਅਸਫਲ ਹੋਣ ਤੇ ਉਦਾਸ ਹੋ ਕੇ ਬਹਿਣਾ ਨਹੀਂ ਚਾਹੀਦਾ, ਸਾਨੂੰ ਉੱਠ ਕੇ ਫੇਰ ਤੋਂ ਸਫ਼ਲਤਾ ਲਈ ਮਿਹਨਤ ਕਰਨੀ ਚਾਹੀਦੀ ਹੈ।

ਜੇਕਰ ਅਸੀਂ ਗਲ ਕਰੀਏ ਵਿਦਿਆਰਥੀ ਜੀਵਨ ਦੀ , ਜਿਸ ਵਿਚ ਹਰ ਵਿਦਿਆਰਥੀ ਪੜ੍ਹਾਈ 'ਚ ਮਿਹਨਤ ਤਾਂ ਕਰਦਾ ਹੈ ਪਰ ਕੁਝ ਅਸਫਲ ਰਹਿਣ ਤੇ ਉਦਾਸ ਹੋ ਕੇ ਬੈਠ ਜਾਂਦੇ ਹਨ ਅਤੇ ਕੁਝ ਅਸਫਲ ਹੋ ਕੇ ਫਿਰ ਤੋਂ ਉੱਠ ਕੇ ਮਿਹਨਤ ਕਰਦੇ ਹਨ। ਜੋਕਿ
ਦੁਬਾਰਾ ਮਿਹਨਤ ਕਰਨ ਤੇ ਅਕਸਰ ਸਫਲ ਹੋ ਹੀ ਜਾਂਦੇ ਹਨ।

ਸਾਡੀ ਜ਼ਿੰਦਗੀ ਵੀ ਕੁਝ ਇਸ ਤਰ੍ਹਾਂ ਹੀ ਹੈ, ਜ਼ਿੰਦਗੀ ਦੇ ਸਫ਼ਰ ਵਿੱਚ ਸਾਨੂੰ ਉਦਾਸ ਹੋ ਕੇ ਕਦੀ ਵੀ ਨਹੀਂ ਬੈਠਣਾ ਚਾਹੀਦਾ ਅਤੇ ਨਾ ਹੀ ਸਾਨੂੰ ਕਦੀ ਹਾਰ ਨੂੰ ਦਿਲ ਤੇ ਲਾਉਣਾ ਚਾਹੀਦਾ ਹੈ। ਅਸੀਂ ਇਕ ਵਾਰ ਅਸਫਲ ਹੋਏ , ਫੇਰ ਦੂਜੀ ਵਾਰ ਮਿਹਨਤ ਕਰਾਂਗੇ ਦੂਜੀ ਵਾਰ ਅਸਫਲ ਹੋਏ ਤਾਂ ਤੀਜੀ ਵਾਰ ਮਿਹਨਤ ਕਰਾਂਗੇ ਸਾਡੀ ਮਿਹਨਤ ਦਾ ਫਲ ਸਾਨੂੰ ਕਦੀ ਨਾ ਕਦੀ ਕੀਤੇ ਨਾ ਕਿਤੇ ਜਰੂਰ ਮਿਲ ਹੀ ਜਾਵੇਗਾ ।

ਸਾਨੂੰ ਜ਼ਿੰਦਗੀ ਵਿਚ ਡਿੱਗ ਕੇ ਉੱਠਣਾ ਸਿੱਖਣਾ ਚਾਹੀਦਾ ਹੈ ਨਾ ਕਿ ਇਕ ਵਾਰ ਡਿੱਗਣ ਤੇ ਉਦਾਸ ਹੋਣਾ। ਹਾਰਦਾ ਤਾਂ ਹਰ ਕੋਈ ਹੈ ਪਰ ਜਿੱਤਦਾ ਉਹ ਹੈ ਜੋ ਹਾਰਨ ਤੋਂ ਬਾਅਦ ਵੀ ਲਗਾਤਾਰ ਮਿਹਨਤ ਵਿਚ ਲਗਿਆ ਰਹਿੰਦਾ ਹੈ ।

ਜ਼ਿੰਦਗੀ 'ਚ ਅਸਫਲਤਾ ਤੋ ਕਦੇ ਵੀ ਡਰਨਾ ਨਹੀਂ ਚਾਹੀਦਾ। ਬਸ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਠੀਕ ਹੈ, ਮੈਂ ਅੱਜ ਅਸਫਲ ਹਾਂ ਤਾਂ ਕੀ, ਕੱਲ ਨੂੰ ਮੈ ਸਫ਼ਲ ਵੀ ਜਰੂਰ ਹੋਵਾਗਾਂ। ਜ਼ਿੰਦਗੀ ਦੀਆਂ ਖੇਡਾਂ 'ਚ ਕਿਸੇ ਦੀ ਜਿੱਤ ਤੇ ਕਿਸੇ ਦੀ ਹਾਰ ਹੋਣਾ ਲਾਜ਼ਮੀ ਹੈ। ਭਾਵੇਂ ਅਸੀਂ ਜਿੱਤੀਏ ਜਾ ਹਾਰੀਏ ਪਰ ਆਪਣਾ ਹੌਂਸਲਾ ਨਾ ਛੱਡੀਏ।

ਇਸ ਲਈ ਭਾਵੇਂ ਤੁਸੀਂ ਅਸਫਲ ਹੋਵੋ, ਇਸ ਨਾਲ ਕੋਈ ਫਰਕ ਨਹੀਂ ਪੈਂਦਾ, ਕੰਮ ਕਰਦੇ ਰਹੋ। ਜ਼ਿੰਦਗੀ ਸਫਲਤਾ ਅਤੇ ਅਸਫਲਤਾ ਦੋਵਾਂ ਦਾ ਹੀ ਮਿਸ਼ਰਣ ਹੈ। ਜੋ ਅਸਫਲ ਹੁੰਦਾ ਹੈ, ਉਹ ਸਫਲਤਾ ਦੀ ਕੀਮਤ ਜਾਣਦਾ ਹੈ. ਹਮੇਸ਼ਾ ਅੱਗੇ ਵਧੋ ਅਤੇ ਆਪਣੇ ਆਪ ਨੂੰ ਪੁੱਛੋ ਕਿ ਮੈਂ ਕੱਲ੍ਹ ਤੋਂ ਕੀ ਸਿੱਖਿਆ ਹੈ।

## ਚੁਣਾਵੀ ਦੌਰ

ਵਰਲਡ ਪੰਜਾਬੀ ਟਾਈਮਜ਼
ਰਣਬੀਰ ਸਿੰਘ ਪ੍ਰਿੰਸ

ਚੱਲ ਦਾ ਦੌਰ ਚੁਣਾਵੀ ਅੱਜ ਕੱਲ੍ਹ,

ਬਹੁਤੇ ਕਰ ਨਾ ਢੰਗ ਵੇ ਬਾਬਾ,

ਕੋਈ ਬਦਲ ਦਾ ਪੱਗ ,ਟੋਪੀਆਂ,

ਕੋਈ ਬਦਲ ਦਾ ਰੰਗ ਵੇ ਬਾਬਾ,

ਭੁੱਖ,ਗਰੀਬੀ, ਬੇਰੁਜ਼ਗਾਰੀ,

ਤੱਕ-ਤੱਕ ਕੱਢਦੇ ਦੰਦ ਵੇ ਬਾਬਾ,

ਦਲ ਬਦਲਦੇ ਟਾਇਮ ਨਹੀਂ ਲੱਗਣਾ,

ਜੇ ਕੀਤਾ ਮੈਨੂੰ ਤੰਗ ਵੇ ਬਾਬਾ ,

ਰੁੱਖੀ ਮਿੱਸੀ ਖਾ ਟਪਾ ਲੈ,

ਦੋ ਵੇਲੇ ਦਾ ਡੰਗ ਵੇ ਬਾਬਾ,

## ਫਲਸਤੀਨ ਵਿੱਚ ਸ਼ਾਂਤੀ ਮਨੁੱਖਤਾ ਦੀ ਪ੍ਰੀਖਿਆ ਹੈ

### ਜ਼ੁਲਮ ਸਹਿਣ ਤੋਂ ਬਾਅਦ ਜੋ ਸੱਚ ਸਾਹਮਣੇ ਆਉਂਦਾ ਹੈ, ਉਹ ਕਰਬਲਾ ਵਿਚ ਹੁਸੈਨ ਦੀ ਸ਼ਹਾਦਤ ਤੱਕ ਪ੍ਰਭਾਵੀ ਰਹਿੰਦਾ ਹੈ।




ਵਰਲਡ ਪੰਜਾਬੀ ਟਾਈਮਜ਼
ਜ਼ਫ਼ਰ ਇਕਬਾਲ ਜ਼ਫ਼ਰ

ਸੰਸਾਰ ਵਿੱਚ ਸੈਂਕੜੇ ਧਰਮਾਂ ਦੇ ਲੋਕ ਹਨ, ਜੇਕਰ ਸਾਰੇ ਧਰਮਾਂ ਦੇ ਵਿਸ਼ਵਾਸਾਂ ਨੂੰ ਇਕੱਠਾ ਕੀਤਾ ਜਾਵੇ ਤਾਂ ਸਿਰਫ ਮਨੁੱਖਤਾ ਅਤੇ ਭਲਾ ਹੀ ਸਾਹਮਣੇ ਆਵੇਗਾ ਜੋ ਮਨੁੱਖਤਾ ਦਾ ਦੁਸ਼ਮਣ ਹੈ, ਉਹ ਵੀ ਧਰਮ ਦਾ ਪਾਪੀ ਹੋਵੇਗਾ, ਕਿਉਂਕਿ ਕੋਈ ਵੀ ਧਰਮ ਜ਼ੁਲਮ ਦੀ ਇਜਾਜ਼ਤ ਨਹੀਂ ਦਿੰਦਾ। ਇਨਸਾਨੀਅਤ ਹੀ ਇਨਸਾਨੀਅਤ ਹੈ। ਸ਼ਾਇਦ ਜ਼ੁਲਮ ਕਰਨ ਵਾਲੇ ਇਹ ਭੁੱਲ ਗਏ ਹਨ ਕਿ ਜ਼ੁਲਮ ਸਹਿਣ ਨਾਲ ਜੋ ਸੱਚ ਸਾਹਮਣੇ ਆਉਂਦਾ ਹੈ, ਉਸ ਨੂੰ ਕਰਬਲਾ ਵਿਚ ਹੁਸੈਨ ਦੀ ਸ਼ਹਾਦਤ ਦਾ ਦਿਨ-ਰਾਤ ਅਧਿਐਨ ਕਰੋ। ਹਰ ਰੋਜ਼ ਇਜ਼ਰਾਈਲ ਗਾਜ਼ਾ ਵਿੱਚ 42 ਬੰਬ ਸੁੱਟਦਾ ਹੈ, ਜਿਸ ਨਾਲ 12 ਇਮਾਰਤਾਂ ਤਬਾਹ ਹੋ ਜਾਂਦੀਆਂ ਹਨ, 6 ਬੱਚਿਆਂ ਸਮੇਤ 15 ਲੋਕ ਸ਼ਹੀਦ ਹੁੰਦੇ ਹਨ ਅਤੇ 35 ਤੋਂ ਵੱਧ ਲੋਕ ਜ਼ਖਮੀ ਹੁੰਦੇ ਹਨ, 80% ਵਪਾਰਕ ਸਥਾਨ, ਦੁਕਾਨਾਂ, ਮਾਰਕੀਟ ਪਲਾਜ਼ਾ ਅਤੇ ਆਮਦਨ ਦੇ ਹੋਰ ਸਰੋਤ ਤਬਾਹ ਹੋ ਜਾਂਦੇ ਹਨ 267 ਮਸਜਿਦਾਂ ਨੂੰ ਤਬਾਹ ਕਰ ਦਿੱਤਾ ਗਿਆ ਹੈ, ਉਸ ਨੇ ਆਪਣੀ ਹੰਕਾਰੀ ਬੇਰਹਿਮੀ ਅਤੇ ਤਾਕਤ ਨਾਲ ਨਾ ਸਿਰਫ 25 ਹਸਪਤਾਲਾਂ ਨੂੰ ਧਰਮ ਦੀ ਵਰਤੋਂ ਕਰਨ ਵਾਲੇ ਲੋਕਾਂ ਨਾਲ ਲੜਾਈ ਸ਼ੁਰੂ ਕਰ ਦਿੱਤੀ ਹੈ 100 ਵਿੱਚੋਂ 73 ਸਕੂਲ ਤਬਾਹ ਹੋ ਚੁੱਕੇ ਹਨ, ਜਿਨ੍ਹਾਂ ਨੇ ਇਹ ਵੀ ਨਹੀਂ ਦੇਖਿਆ ਕਿ ਇਸ ਬੰਬ ਦੀ ਤਬਾਹੀ ਨੇ ਮਨੁੱਖਤਾ ਦਾ ਨਾਮੋ-ਨਿਸ਼ਾਨ ਮਿਟਾ ਦਿੱਤਾ ਹੈ ਅਜਿਹੇ ਬੱਚੇ ਸ਼ਹੀਦ ਹੋਏ ਜਿਨ੍ਹਾਂ ਦੀ ਉਮਰ ਇੱਕ ਸਾਲ ਤੋਂ ਲੈ ਕੇ ਤਿੰਨ ਸਾਲ ਤੱਕ ਸੀ, ਜਿਨ੍ਹਾਂ ਦੀ ਉਮਰ 4 ਤੋਂ 5 ਸਾਲ ਤੱਕ ਸੀ, ਉਨ੍ਹਾਂ ਵਿੱਚੋਂ 1042 ਬੱਚੇ ਸ਼ਹੀਦ ਹੋਏ ਜਿਨ੍ਹਾਂ ਦੀ ਉਮਰ 6 ਤੋਂ 12 ਸਾਲ ਸੀ। ਤੇਰਾਂ ਤੋਂ ਸਤਾਰਾਂ ਸਾਲ ਦੀ ਉਮਰ ਦੇ 664 ਬੱਚੇ ਸ਼ਹੀਦ ਹੋਏ 25 ਸਾਲ ਤੋਂ ਘੱਟ ਉਮਰ ਦੇ ਸ਼ਹੀਦ ਹੋਏ ਬੱਚਿਆਂ ਦੀ ਗਿਣਤੀ 966 ਹੈ ਅਤੇ 26 ਤੋਂ 55 ਸਾਲ ਦੀ ਉਮਰ ਦੇ ਸ਼ਹੀਦਾਂ ਦੀ ਗਿਣਤੀ 2506 ਹੈ।ਹਰ ਦਸ ਮਿੰਟ ਵਿੱਚ ਇੱਕ ਫਲਸਤੀਨੀ ਬੱਚਾ ਹੋ ਰਿਹਾ ਹੈ। ਸ਼ਹੀਦ ਹੋ ਗਏ, ਅਤੇ ਸੱਠ ਪ੍ਰਤੀਸ਼ਤ ਇਮਾਰਤਾਂ ਦੇ ਮਲਬੇ ਹੇਠ ਦੱਬੇ ਹੋਏ ਲੋਕਾਂ ਦੀ ਗਿਣਤੀ ਕਲਪਨਾ ਤੋਂ ਪਰੇ ਹੈ, ਜਿਸ ਨੂੰ ਮਿਸਰ ਦੀ ਸਰਹੱਦ ਕਿਹਾ ਜਾਂਦਾ ਹੈ 17 ਕਿਲੋਮੀਟਰ ਦੀ ਸਰਹੱਦ 'ਤੇ, ਜਿਵੇਂ ਕਿ ਉਹ ਫਲਸਤੀਨੀ ਆਬਾਦੀ ਦੇ ਬਾਹਰ ਇੱਕ ਸੁਰੱਖਿਅਤ ਪਨਾਹਗਾਹ ਵਿੱਚ ਬੈਠੇ ਸਨ ਜਦੋਂ ਉਹਨਾਂ ਨੇ ਸੁਣਿਆ ਕਿ ਇਜ਼ਰਾਈਲ ਉਹਨਾਂ ਦੀਆਂ ਇਮਾਰਤਾਂ ਦਾ ਮਲਬਾ ਇਕੱਠਾ ਕਰ ਰਿਹਾ ਹੈ ਅਤੇ ਉਹਨਾਂ ਨੂੰ ਸਮੁੰਦਰ ਵਿੱਚ ਲੈ ਜਾ ਰਿਹਾ ਹੈ ਜਿੱਥੇ ਉਹ ਇੱਕ ਬੰਦਰਗਾਹ ਬਣਾਉਣਾ ਚਾਹੁੰਦੇ ਸਨ ਲਾਸ਼ਾਂ ਦੀ ਭਾਲ ਵਿੱਚ ਉਨ੍ਹਾਂ ਨੂੰ ਬੰਬ ਸੁੱਟ ਕੇ ਸ਼ਹੀਦ ਕਰ ਦਿੱਤਾ ਗਿਆ ਸੀ, ਜੇ ਕੋਈ ਆਪਣੇ ਰਿਸ਼ਤੇਦਾਰਾਂ ਅਤੇ ਘਰਾਂ ਨੂੰ ਗੁਆਉਣ ਵਾਲੇ ਲੋਕਾਂ ਲਈ ਭੋਜਨ ਲੈ ਕੇ ਆਉਂਦਾ ਹੈ, ਤਾਂ ਉਸ 'ਤੇ ਬੰਬ ਸੁੱਟੇ ਜਾਂਦੇ ਹਨ। ਉੱਥੇ ਮੁਸਲਮਾਨਾਂ ਲਈ ਬੇਹੱਦ ਸ਼ਰਮ ਅਤੇ ਉਦਾਸੀਨਤਾ ਦੀ ਗੱਲ ਇਹ ਹੈ ਕਿ ਇਸ ਸਮੇਂ ਪੂਰੇ ਅਮਰੀਕਾ ਵਿੱਚ ਇਜ਼ਰਾਈਲ ਅਤੇ ਫਲਸਤੀਨ ਦੇ ਹੱਕ ਵਿੱਚ ਯੂਨੀਵਰਸਿਟੀਆਂ ਵਿੱਚ ਦੰਗੇ ਅਤੇ ਪ੍ਰਦਰਸ਼ਨ ਹੋ ਰਹੇ ਹਨ, ਜਿਸ ਵਿੱਚ 2200 ਅਮਰੀਕੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। 70 ਰਬੜ ਦੀਆਂ ਗੋਲੀਆਂ ਨੇ ਨਿਊਯਾਰਕ 'ਚ 6 ਸਾਲ ਦੀ ਬੱਚੀ ਹਿੰਦ ਦੇ ਨਾਂ 'ਤੇ ਰੱਖ ਦਿੱਤਾ ਹੈ, ਜਿਸ ਦਾ ਪੂਰਾ ਪਰਿਵਾਰ ਪਾਕਿਸਤਾਨ 'ਚ 220 ਹੈ ਤੁਸੀਂ ਇਸ ਲਈ ਬਾਹਰ ਹੋ? ਕਿੰਨੇ ਪਾਕਿਸਤਾਨੀਆਂ ਨੇ ਫਲਸਤੀਨ ਦੇ ਦਰਦ ਨੂੰ ਆਪਣੇ ਸੀਨੇ ਵਿੱਚ ਮਹਿਸੂਸ ਕੀਤਾ ਅਤੇ ਇਜ਼ਰਾਈਲੀ ਜ਼ੁਲਮ ਨੂੰ ਰੋਕਣ ਲਈ ਫਲਸਤੀਨੀ ਮੁਸਲਮਾਨਾਂ ਦੀ ਮਦਦ ਕਰਨ ਦਾ ਜਜ਼ਬਾ ਦੇਖਿਆ ਜਾਂ ਉਹ ਮੁਸਲਮਾਨ ਜੋ ਜੰਗਬੰਦੀ ਦੀ ਪ੍ਰਾਪਤੀ ਲਈ ਲੜਨ ਦੀ ਬਜਾਏ ਸਿਰਫ ਇੱਕਜੁੱਟ ਹੋ ਸਕਦੇ ਹਨ, ਜੇਕਰ ਤੁਸੀਂ ਫੌਜ ਦੀ ਗਿਣਤੀ ਅਤੇ ਬਜਟ ਨੂੰ ਵੇਖਦੇ ਹੋ, ਤਾਂ ਤੁਹਾਨੂੰ ਪਤਾ ਲੱਗੇਗਾ ਜਾਣੋ ਕਿ ਬੰਗਲਾਦੇਸ਼ ਦੀ ਫੌਜ 160,000 ਹੈ ਜਿਸਦਾ ਬਜਟ 3.6 ਬਿਲੀਅਨ ਡਾਲਰ ਹੈ। ਸੀਰੀਆ ਦੀ ਫੌਜ ਦਾ ਬਜਟ 154 ਹਜ਼ਾਰ 1.87 ਅਰਬ ਡਾਲਰ ਹੈ। ਮਲੇਸ਼ੀਆ ਦੀ ਫੌਜ ਦਾ ਬਜਟ 100,410 ਬਿਲੀਅਨ ਡਾਲਰ ਹੈ। ਪਾਕਿਸਤਾਨ ਦੀ ਫੌਜ 637 ਹਜ਼ਾਰ ਹੈ ਅਤੇ 2017 ਵਿਚ ਇਸ ਦਾ ਬਜਟ 7 ਅਰਬ ਡਾਲਰ ਹੈ।ਇੰਡੋਨੇਸ਼ੀਆ ਦੀ ਫੌਜ 9 ਲੱਖ 75 ਹਜ਼ਾਰ ਹੈ ਅਤੇ ਇਰਾਨ ਦੀ ਫੌਜ ਦਾ ਬਜਟ 5 ਲੱਖ 34 ਹਜ਼ਾਰ ਹੈ ਅਤੇ ਬਜਟ 14 ਅਰਬ ਡਾਲਰ ਹੈ ਦੁਨੀਆ ਵਿਚ ਅਜਿਹਾ ਕੋਈ ਜਹਾਜ਼, ਮਿਜ਼ਾਈਲ, ਪਣਡੁੱਬੀ, ਜੰਗੀ ਸਾਜ਼ੋ-ਸਾਮਾਨ ਨਹੀਂ ਹੈ ਜੋ ਅਮਰੀਕਾ ਅਤੇ ਸਾਊਦੀ ਅਰਬ, ਯੂ.ਏ.ਈ. ਇਸ ਨੂੰ ਨਾ ਖਰੀਦੋ, ਤੁਸੀਂ ਇਸ ਲਈ ਨਹੀਂ ਲੜੇ ਕਿਉਂਕਿ ਕੋਈ ਵੀ ਤੁਹਾਡੇ ਲਈ ਬਹਾਦਰੀ ਅਤੇ ਸਵੈ-ਧਰਮ ਵੇਚਣ ਨਹੀਂ ਆਇਆ ਹੈ, ਦੂਜੇ ਪਾਸੇ, ਫਲਸਤੀਨੀ ਲੋਕਾਂ 'ਤੇ ਕਿਆਮਤ ਦਾ ਦਿਨ ਲਿਆਉਣ ਵਾਲੀ ਇਜ਼ਰਾਈਲ ਦੀ ਫੌਜ ਦਾ ਬਜਟ ਸਿਰਫ 18.5 ਹੈ। ਅਰਬਾਂ ਡਾਲਰਾਂ ਦੇ ਨਾਲ, ਇੱਕ ਯਹੂਦੀ, ਇੱਕ ਹਿੰਦੂ, ਪੰਜ ਈਸਾਈ ਅਤੇ ਇੱਕ ਮੁਸਲਿਮ ਦੇਸ਼ ਹੈ, ਜੋ ਕਿ ਇਸਲਾਮਿਕ ਦੇਸ਼ਾਂ ਵਿੱਚੋਂ ਇੱਕ ਹੀ ਪ੍ਰਮਾਣੂ ਦੇਸ਼ ਹੈ, ਗਾਜ਼ਾ ਦੇ ਨੇਤਾ ਇਸਮਾਈਲ ਹਨੀਹ ਨੇ ਕਿਹਾ ਕਿ ਜੇਕਰ ਪਾਕਿਸਤਾਨ ਨੂੰ ਧਮਕੀ ਦਿੱਤੀ ਜਾਵੇ ਜੰਗ ਬੰਦ ਹੋ ਸਕਦੀ ਹੈ ਜੇਕਰ ਤੁਸੀਂ V ਦੀ ਕਵਰੇਜ ਨੂੰ ਦਸ ਮਿੰਟ ਤੱਕ ਦੇਖਦੇ ਹੋ, ਤਾਂ ਉਨ੍ਹਾਂ ਲੋਕਾਂ ਦੀਆਂ ਛਾਤੀਆਂ ਧੜਕਣੀਆਂ ਸ਼ੁਰੂ ਹੋ ਜਾਂਦੀਆਂ ਹਨ ਜਿਨ੍ਹਾਂ ਕੋਲ ਮਨੁੱਖਤਾ ਅਤੇ ਇਸਲਾਮ ਦੇ ਪੱਖਪਾਤੀ ਫੈਸਲੇ ਹਨ ਅਤੇ ਇਸ ਨੂੰ ਨਿਜ਼ਾਮ ਤੋਂ ਬਾਹਰ ਕੱਢਣਾ ਸਮੇਂ ਦੀ ਅਹਿਮ ਲੋੜ ਹੈ ਕਿ ਮੌਜੂਦਾ ਦੁਨਿਆਵੀ ਸ਼ਕਤੀਆਂ ਧਰਤੀ 'ਤੇ ਮਨੁੱਖੀ ਸ਼ਾਂਤੀ ਅਤੇ ਸੁਰੱਖਿਆ ਦੀ ਮੰਗ ਨੂੰ ਪੂਰਾ ਨਹੀਂ ਕਰ ਸਕੀਆਂ, ਇਹ ਬਹੁਤ ਜ਼ਰੂਰੀ ਹੈ ਕਿ ਇਸਲਾਮ ਵੀ ਆਪਣੇ ਮੁਸਲਮਾਨਾਂ ਅਤੇ ਲੋਕਾਂ ਨੂੰ ਸਿਖਾਉਂਦਾ ਹੈ ਸੰਸਾਰ ਦੇ ਸਾਰੇ ਧਰਮਾਂ ਨਾਲ ਸਬੰਧਤ, ਪਿਆਰ ਦੀ ਚਾਦਰ ਵਿੱਚ ਸੁਰੱਖਿਆ ਦੀ ਪਨਾਹ ਦੇਣ ਲਈ.

ਤੁਹਾਨੂੰ ਆਪਣੀ ਸਥਿਤੀ ਬਾਰੇ ਚਿੰਤਾ ਕਰਨੀ ਪਵੇਗੀ

ਨਹੀਂ ਤਾਂ, ਇਹ ਔਖਾ ਨਹੀਂ, ਆਸਾਨ ਹੋਣਾ ਔਖਾ ਹੈ

ਦੁਨੀਆਂ ਤੇਰਾ ਰਾਜ ਹੋਵੇ, ਹੇ ਮੁਸਲਮਾਨ

ਇਸ ਲਈ ਸਮਝੋ ਜੇਕਰ ਤੁਸੀਂ ਮੁਸਲਮਾਨ ਬਣਨਾ ਚਾਹੁੰਦੇ ਹੋ

## ,,,,,ਜਾਹ ਉਏ ਗਧਿਆ,,,,,



ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

ਇੱਕ ਵਾਰੀ ਇੱਕ ਸ਼ੇਰ ਨਵਾਂ ਨਵਾਂ ਜੰਗਲ ਦਾ ਰਾਜਾ ਬਣਿਆ ਸੀ, ਸਾਰੇ ਜਾਨਵਰਾਂ ਨੇ ਇਕੱਠੇ ਹੋ ਕੇ ਸਲਾਹ ਕੀਤੀ, ਕਿ ਆਪਣੇ ਵੱਲੋਂ ਨਵੇਂ ਬਣੇ ਰਾਜੇ ਨੂੰ ਖੁਸ਼ ਕਰਨ ਲਈ ਪਾਰਟੀ ਕੀਤੀ ਜਾਵੇ। ਨਾਲੇ ਹਾਸੇ ਠੱਠੇ ਕੀਤੇ ਜਾਣ, ਸਾਰਿਆਂ ਨੇ ਇਸ ਗੱਲ ਨੂੰ ਮੰਨ ਲਿਆ। ਅਗਲੇ ਦਿਨ ਇੱਕ ਲੂੰਬੜੀ ਨੂੰ ਸੱਦਾ ਪੱਤਰ ਦੇ ਸ਼ੇਰ ਕੋਲ ਭੇਜ ਦਿੱਤਾ। ਰਾਜੇ ਨੇ ਖੁਸ਼ੀ ਖੁਸ਼ੀ ਇਸ ਗੱਲ ਨੂੰ ਮੰਨ ਲਿਆ ਤੇ ਦਿੱਤੇ ਸਮੇਂ ਸਿਰ ਸਾਰੇ ਜਾਨਵਰ ਪਹੁੰਚ ਗਏ, ਖਾਣ ਪੀਣ ਦਾ ਪ੍ਰਬੰਧ ਕੀਤਾ ਗਿਆ। ਜੰਗਲ ਦਾ ਬਾਦਸ਼ਾਹ ਵੀ ਆਪਣਾ ਲਾਮ ਲਸ਼ਕਰ ਲੈ ਕੇ ਪਹੁੰਚ ਗਿਆ। ਸਾਰੇ ਜਾਨਵਰਾਂ ਨੇ ਖੂਬ ਚੁਟਕਲੇ ਗੀਤ ਸੁਣਾਏ ਸਾਰੇ ਬਹੁਤ ਹੱਸੇ। ਰਾਜਾ ਵੀ ਬਹੁਤ ਖੁਸ਼ ਸੀ। ਪਰ ਪਿਛਲੇ ਪਾਸੇ ਗਧਾ ਚੁੱਪ ਚਾਪ
ਬੈਠਾ ਰਿਹਾ। ਉਹ ਨਾ ਹੱਸਿਆ ਤੇ ਨਾ ਕੋਈ ਪ੍ਰਤੀਕਰਮ ਦਿੱਤਾ। ਸਾਰੇ ਬੜੇ ਹੈਰਾਨ ਸਨ। ਰਾਜੇ ਨੇ ਖੁਸ਼ ਹੋ ਕੇ," ਕੱਲ ਫੇਰ ਆਉਣ ਲਈ", ਜਾਨਵਰਾਂ ਨੂੰ ਕਿਹਾ। ਸਾਰੇ ਬੜੇ ਖੁਸ਼ ਆਪੋ ਆਪਣੇ ਘਰਾਂ ਨੂੰ ਤੁਰ ਗਏ। ਦੂਜੇ ਦਿਨ ਫਿਰ ਇੱਕਠ ਹੋਇਆ ਸਾਰੇ ਚੁੱਪ ਚਾਪ ਬੈਠੇ ਸਨ। ਗਧਾ ਪਿੱਛੇ ਬੈਠਾ ਉੱਚੀ ਉੱਚੀ ਹੱਸ ਰਿਹਾ ਸੀ। ਸਾਰੇ ਬੜੇ ਹੈਰਾਨ ਕਿ ਅਜੇ ਤਾਂ ਕਿਸੇ ਨੇ ਕੋਈ ਚੁਟਕਲਾ ਨੀ ਸੁਣਾਇਆ ਤੇ ਗਧਾ ਕਿਉਂ ਹੱਸ ਰਿਹਾ। ਜਦੋਂ ਕਾਰਣ ਪੁੱਛਿਆ ਤਾਂ ਗਧੇ ਨੇ ਕਿਹਾ, "ਕਿ ਮੈਨੂੰ ਕੱਲ ਵਾਲੇ ਚੁਟਕਲੇ ਦੀ ਸਮਝ ਈ ਅੱਜ ਲੱਗੀ ਆ"। ਇਹ ਸੁਣ ਕੇ ਸਾਰੇ ਉੱਚੀ ਉੱਚੀ ਹੱਸਣ ਲੱਗ ਪਏ। ਕਹਿਣ ਲੱਗੇ ,"ਜਾਹ ਉਏ ਗਧਿਆ, ਗਧਾ ਈ ਰਹਿ ਗਿਆ"। ਮਹਿਫ਼ਲ ਸ਼ੁਰੂ ਕਰਨ ਤੋਂ ਪਹਿਲਾਂ ਹੀ ਚਾਰੇ ਪਾਸਿਓਂ ਹਾਸੇ ਦੀਆਂ ਅਵਾਜ਼ਾਂ ਸੁਣਾਈ ਦੇ ਰਹੀਆਂ ਸਨ।